**ਸਟੇਟ ਪ੍ਰਾਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ**
**ਸਕੂਲ ਸਿੱਖਿਆ ਵਿਭਾਗ ਪੰਜਾਬ,**
**ਐਸ.ਸੀ.ਓ 104-106 ਸੈਕਟਰ 34-ਏ ਚੰਡੀਗੜ੍ਹ**

ਸਰਵ ਸਿੱਖਿਆ ਅਭਿਆਨ
ਸੱਭ ਪੜ੍ਹੋ ਸੱਭ ਵਧੋ

# ਜਨਤਕ ਸੂਚਨਾ

ਇਸ ਦਫਤਰ ਵੱਲੋਂ ਮਿਤੀ 12.1.10 ਨੂੰ ਅਖਬਾਰਾਂ ਵਿੱਚ ਦਿੱਤੇ ਗਏ ਇਸ਼ਤਿਹਾਰਾਂ ਦੇ ਹਵਾਲੇ ਨਾਲ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਰਾਸ਼ਟਰੀ ਮਾਧਿਮਕ ਸਿੱਖਿਆ ਅਭਿਆਨ ਅਧੀਨ ਮਾਸਟਰ/ਮਿਸਟ੍ਰੈਸਜ਼ ਦੀਆਂ ਵੱਖ ਵੱਖ ਆਸਾਮੀਆਂ ਲਈ ਮਿਤੀ 17.3.2010 ਤੋਂ 26.3.2010 ਤੱਕ ਅਤੇ ਮਿਤੀ 6.4.10 ਤੋਂ 7.4.10 ਤੱਕ ਜੋ ਕਾਉਂਸਲਿੰਗ ਹੋਈ ਸੀ। ਜਿਹੜੇ ਉਮੀਦਵਾਰ ਕਾਉਂਸਲਿੰਗ ਅਟੈਂਡ ਕਰ ਚੁੱਕੇ ਹਨ ਅਤੇ ਜਿਨ੍ਹਾਂ ਦਾ ਨਾਮ ਉਡੀਕ ਸੂਚੀ ਵਿਚ ਇਸ ਵਿਭਾਗ ਦੀ ਵੈਬਸਾਇਟ www.ssapunjab.org. ਵਿੱਚ ਪਾਈ ਗਈ ਵੇਟਿੰਗ ਲਿਸਟ ਵਿੱਚ ਆਉਂਦਾ ਹੈ ਉਨ੍ਹਾਂ ਨੂੰ ਨਿਯੁਕਤੀ ਪੱਤਰ ਦੇਣ/ਸਟੇਸ਼ਨ ਅਲਾਟ ਕਰਨ ਲਈ ਕਾਉਂਸਲਿੰਗ ਹੇਠ ਲਿਖਿਆ ਮਿਤੀਆਂ ਨੂੰ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੇਜ਼ 3ਬੀ-1 ਮੋਹਾਲੀ ਵਿਖੇ ਹੋਵੇਗੀ ਸਵੇਰੇ 9.00 ਵਜੇ ਸ਼ੁਰੂ ਹੋਵੇਗੀ :-

| ਲੜੀ ਨੰ: | ਪੋਸਟ ਦਾ ਨਾਮ | ਖਾਲੀ ਅਸਾਮੀਆਂ ਦੀ ਗਿਣਤੀ | ਕਾਉਂਸਲਿੰਗ ਦੀ ਮਿਤੀ |
|---|---|---|---|
| 1. | ਸਾਇੰਸ | 15 | 8.7.10 |
| 2. | ਮੈਥ | 13 | 8.7.10 |
| 3. | ਅੰਗਰੇਜ਼ੀ | 13 | 8.7.10 |
| 4. | ਹਿੰਦੀ | 13 | 8.7.10 |
| 5. | ਐਸ.ਐਸ.ਟੀ | 30 | 9.7.10 |
| 6. | ਸਰੀਰਕ ਸਿੱਖਿਆ | 25 | 9.7.10 |

ਪਹਿਲਾਂ ਕੁੱਝ ਜਾਅਲੀ ਉਮੀਦਵਾਰਾਂ ਦੇ ਆ ਜਾਣ ਕਾਰਨ ਕੁੱਝ ਉਮੀਦਵਾਰਾਂ ਨੂੰ ਪਸੰਦੀਦਾ ਸਟੇਸ਼ਨ ਨਹੀਂ ਸੀ ਮਿਲੇ। ਜੇਕਰ ਪਹਿਲਾਂ ਕੰਮ ਕਰ ਰਹੇ ਕਿਸੇ ਉਮੀਦਵਾਰ ਨੇ ਸਟੇਸ਼ਨ ਬਦਲਣਾ ਹੈ ਤਾਂ ਉਹ ਵੀ ਕਾਉਂਸਲਿੰਗ ਵਿੱਚ ਆਕੇ ਇਸ ਸੰਬੰਧ ਵਿੱਚ ਬੇਨਤੀ ਕਰ ਸਕਦਾ ਅਤੇ ਖਾਲੀ ਸਟੇਸ਼ਨ ਤੇ ਮੌਕੇ ਤੇ ਨਿਯਮਾਂ ਅਨੁਸਾਰ ਨਿਪਟਾਰਾ ਕੀਤਾ ਜਾਵੇਗਾ।

ਇਸਤੋਂ ਇਲਾਵਾ ਆਰ.ਐਮ.ਐਸ.ਏ ਅਧੀਨ 32 ਪੰਜਾਬੀ ਅਧਿਆਪਕਾਂ ਦੀਆਂ ਅਸਾਮੀਆਂ ਲਈ ਕਾਉਂਸਲਿੰਗ ਮਿਤੀ 12.7.09 ਨੂੰ 9.00 ਵਜੇ ਤੋ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੇਜ਼ 3 ਬੀ-1 ਮੋਹਾਲੀ ਵਿਖੇ ਹੋਵੇਗੀ । ਉਨ੍ਹਾ ਉਮੀਦਵਾਰਾਂ ਨੂੰ ਲਿਖਿਆ ਜਾਂਦਾ ਹੈ ਜਿਨ੍ਹਾਂ ਦੇ ਨਾਮ ਵੈਬਸਾਈਟ ਵਿਚ ਪਈ ਸੂਚੀ ਵਿਚ ਹੈ ਕਿ ਉਹ ਇਸ ਕਾਉਂਸਲਿੰਗ ਵਿੱਚ ਆਪਣੀ ਹਾਜ਼ਰੀ ਯਕੀਨੀ ਬਣਾਉਣ ।

ਉਹ ਸਾਰੇ ਉਮੀਦਵਾਰ ਜਿਨ੍ਹਾਂ ਦਾ ਨਾਂ ਵੈਬਸਾਈਟ www.ssapunjab.org ਤੇ ਪਾਈ ਸੂਚੀ ਵਿੱਚ ਦਰਜ ਹੈ ਉਹ ਉਪਰੋਕਤ ਮਿਤੀਆਂ ਨੂੰ ਉਪਰੋਕਤ ਦੱਸੇ ਜਗ੍ਹਾ ਤੇ ਹਾਜਰ ਹੋਣ। ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਨਾਲ ਵੈਬਸਾਈਟ ਤੇ ਪਾਏ ਪ੍ਰੋਫਾਰਮੇ ਅਨੁਸਾਰ ਹਲਫੀਆ ਬਿਆਨ ਜੋ ਨੋਟਰੀ ਤੋਂ ਤਸਦੀਕ ਹੋਵੇ ਲੈਕੇ ਆਉਣ ਅਤੇ ਆਪਣੇ ਸਾਰੇ ਅਸਲ ਦਸਤਾਵੇਜ਼ ਯਾਨੀ ਸਰਟੀਫਿਕੇਟ ਅਤੇ ਰਿਹਾਇਸ਼ੀ ਸਰਟੀਫਿਕੇਟ ਵੀ ਨਾਲ ਲੈਕੇ ਆਉਣ ਤਾਂਜੋ ਇਨ੍ਹਾਂ ਨੂੰ ਸੰਬੰਧਤ ਬੋਰਡ/ਯੂਨੀਵਰਸਿਟੀ ਨੂੰ ਵੈਰੀਫਿਕੇਸ਼ਨ ਲਈ ਭੇਜਿਆ ਜਾ ਸਕੇ ਅਤੇ ਜੇਕਰ ਕੋਈ ਜਾਅਲ-ਸਾਜ਼ੀ ਬਾਅਦ ਵਿੱਚ ਪਾਈ ਗਈ ਤਾਂ ਉਨ੍ਹਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

# ਹਲਫੀਆ ਬਿਆਨ

ਮੈਂ................................. ਪੁੱਤਰ /ਪੁੱਤਰੀ ............................ ਹੇਠ ਲਿਖਿਤ ਹਲਫੀਆ ਬਿਆਨ ਕਰਦਾ /ਕਰਦੀ ਹਾਂ:-

1 ਇਹ ਕਿ ਮੈਂ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਿਟੀ (ਆਰ.ਐਮ.ਐਸ.ਏ) ਵਲੋਂ ਦਿੱਤੇ ਵਿਗਿਆਪਨ ਅਨੁਸਾਰ ................ਆਸਾਮੀ ਵਾਸਤੇ ਅਪਲਾਈ ਕੀਤਾ ਸੀ।

2 ਇਹ ਕਿ ਮੈਂ ਸਬੰਧਤ ਨਿਰਧਾਰਤ ਯੋਗਤਾਵਾਂ ਪੂਰੀਆਂ ਕਰਦਾ/ਕਰਦੀ ਹਾਂ।

3 ਇਹ ਕਿ ਮੇਰੇ ਸਾਰੇ ਦਸਤਾਵੇਜ਼ ਸਹੀ ਹਨ। ਵਿਭਾਗ ਵਲੋ ਇਹਨਾਂ ਦੀ ਵੈਰੀਫਿਕੇਸ਼ਨ ਕਰਵਾਉਣ ਤੇ ਮੈਨੂੰ ਕੋਈ ਇਤਰਾਜ਼ ਨਹੀ ਹੋਵੇਗਾ।

4 ਇਹ ਕਿ ਜੇਕਰ ਮੇਰਾ ਕੋਈ ਵੀ ਦਸਤਾਵੇਜ਼ / ਸਰਟੀਫਿਕੇਟ ਆਦਿ ਵੈਰੀਫਿਕੇਸ਼ਨ ਉਪਰੰਤ ਜਾਹਲੀ / ਗਲਤ ਪਾਇਆ ਗਿਆ ਤਾਂ ਮੈ ਉਸ ਦਾ ਖੁਦ ਜ਼ਿੰਮੇਵਾਰ ਹੋਵਾਂਗਾ / ਹੋਵੇਗੀ ਅਤੇ ਵਿਭਾਗ ਮੇਰੇ ਖਿਲਾਫ ਕਾਨੂੰਨੀ ਕਾਰਵਾਈ ਹੱਕਦਾਰ ਹੋਵੇਗਾਂ ਅਤੇ ਮੇਰੀਆਂ ਸੇਵਾਵਾਂ ਤੁਰੰਤ ਅਸਰ ਤੋਂ ਖਤਮ ਸਮਝੀਆਂ ਜਾਣਗੀਆਂ।

5 ਵਿਭਾਗ ਵਲੋਂ ਮੇਰੇ ਅਸਲ ਦਸਤਾਵੇਜਾਂ ਦੀ ਮੰਗ ਕਰਨ ਤੇ ਮੈ ਆਪਣੇ ਅਸਲ ਦਸਤਾਵੇਜ਼ ਵਿਭਾਗ ਨੂੰ ਦੇਣ ਦਾ ਪਾਬੰਦ ਹੋਵੇਗਾਂ/ ਹੋਵੇਗੀ।

(ਬਿਆਨਕਰਤਾ)

**ਤਸਦੀਕ**:-

ਮੈਂ ਬਿਆਨ ਕਰਦਾ / ਕਰਦੀ ਹਾਂ ਕਿ ਮੇਰਾ ਉਪਰੋਕਤ ਹਲਫੀਆ ਬਿਆਨ ਸਹੀ ਵਾ ਦਰੁਸਤ ਹੈ ਅਤੇ ਮੈ ਇਸ ਵਿਚ ਕੁਝ ਵੀ ਲੁਕਾਇਆ ਜਾਂ ਛੁਪਾਇਆ ਨਹੀ ਹੈ।

(ਬਿਆਨਕਰਤਾ)